ਸੈਸ਼ਨ 2024-25 ਅਤੇ 2025-26

## ਅੰਡਰ ਗ੍ਰੈਜੂਏਟ ਪੱਧਰ ਦਾ ਪਾਠਕ੍ਰਮ

## ਪ੍ਰੋਗਰਾਮ ਦੀ ਰੂਪ ਰੇਖਾ

**BASSD**

| ਬੀ.ਏ. - ਭਾਗ ਪਹਿਲਾ | | | | | | | | | |
|---|---|---|---|---|---|---|---|---|---|
| ਸਮੈਸਟਰ - I | | | | | | | | | |
| ਪੇਪਰ ਕੋਡ (Course Code) | ਪੇਪਰ ਦਾ ਸਿਰਲੇਖ (Course Title) | ਲੈਕਚਰ ਪ੍ਰਤੀ ਹਫਤਾ | ਕ੍ਰੈਡਿਟ ਭਾਸ਼ਣ (L) | ਕ੍ਰੈਡਿਟ ਟਿਊਟੋਰੀਅਲ (T) | ਕ੍ਰੈਡਿਟ ਪ੍ਰੈਕਟੀਕਲ (P) | ਕੁੱਲ ਕ੍ਰੈਡਿਟ | ਬਾਹਰੀ ਪ੍ਰੀਖਿਆ ਅੰਕ | ਅੰਦਰੂਨੀ ਮੁਲਾਂਕਣ ਅੰਕ | ਕੁੱਲ ਅੰਕ |
| BPBIC111 | ਪੰਜਾਬੀ ਲਾਜ਼ਮੀ | 6 | 4.5 | - | - | 4.5 | 70 | 30 | 100 |
| BPBI114 | ਪੰਜਾਬੀ ਸਾਹਿਤ (ਚੋਣਵਾਂ) | 6 | 4.5 | - | - | 4.5 | 70 | 30 | 100 |

## ਬੀ.ਏ. ਭਾਗ - ਪਹਿਲਾ (ਸਮੈਸਟਰ ਪਹਿਲਾ)

## ਪਰਚਾ : ਪੰਜਾਬੀ ਲਾਜ਼ਮੀ

### ਪਾਠਕ੍ਰਮ ਦਾ ਉਦੇਸ਼:

1. ਵਿਦਿਆਰਥੀਆਂ ਨੂੰ ਪੰਜਾਬੀ ਕਹਾਣੀ ਅਤੇ ਬਹੁ ਪੱਖੀ ਵਿਸ਼ਿਆਂ ਬਾਰੇ ਜਾਣੂ ਕਰਵਾਉਣਾ ।
2. ਕਹਾਣੀ ਦੀ ਵਿਧਾ ਰਾਹੀਂ ਵਿਦਿਆਰਥੀਆਂ ਅੰਦਰ ਸਾਹਿਤ ਚੇਟਕ ਪੈਦਾ ਕਰਕੇ ਰਚਨਾਤਮਕ ਰੁਚੀਆਂ ਵੱਲ ਪ੍ਰੇਰਿਤ ਕਰਨਾ ।
3. ਲਿਖਣ ਕਲਾ ਦੇ ਵਿਭਿੰਨ ਪੱਖਾਂ ਦੇ ਅਧਿਐਨ ਰਾਹੀਂ ਵਿਦਿਆਰਥੀਆਂ ਨੂੰ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਵਾਉਣਾ ਹੈ ।

### ਪਾਠਕ੍ਰਮ ਦੀ ਸਾਰਥਕਤਾ:

1. ਪੰਜਾਬੀ ਕਹਾਣੀ ਦੇ ਅਧਿਐਨ ਨਾਲ ਵਿਦਿਆਰਥੀ ਪੰਜਾਬੀ ਦੇ ਕਹਾਣੀਕਾਰਾਂ ਦੀ ਵਿਚਾਰਧਾਰਾ ਤੋਂ ਜਾਣੂ ਹੋਣਗੇ ।
2. ਪੰਜਾਬੀ ਕਹਾਣੀ ਵਿਦਿਆਰਥੀਆਂ ਅੰਦਰ ਰਚਨਾਤਮਕ ਰੁਚੀਆਂ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਅੰਦਰ ਆਧੁਨਿਕ ਯੁੱਗ ਦੇ ਫੈਲੇ ਵਿਰੋਧਾਂ, ਵਿਸੰਗਤੀਆਂ ਤੇ ਤਣਾਵਾਂ ਨੂੰ ਘਟਾਉਣ ਵਿਚ ਵੀ ਮੱਦਦਗਾਰ ਹੋਣਗੇ ।
3. ਕਹਾਣੀ ਵਿਚਲੇ ਪਾਤਰਾਂ ਦੀ ਕਿਰਿਆ ਰਾਹੀਂ ਵਿਦਿਆਰਥੀ ਸਮੇਂ ਦੇ ਸੱਚ ਅਤੇ ਉਹਨਾਂ ਦੀਆ ਸਮੱਸਿਆਵਾਂ ਨੂੰ ਸਮਝਣ ਦੇ ਯੋਗ ਹੋਣਗੇ ।
4. ਵਿਦਿਆਰਥੀ ਭਾਸ਼ਾ ਅਤੇ ਪੰਜਾਬੀ ਭਾਸ਼ਾ ਦੇ ਨੇਮ-ਪ੍ਰਬੰਧਾਂ ਤੋਂ ਜਾਣੂ ਹੋਣਗੇ ।
5. ਲੇਖ ਰਚਨਾ ਦੁਆਰਾ ਵਿਦਿਆਰਥੀ ਸਮਾਜ ਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ ਪ੍ਰਸਥਿਤੀਆਂ ਨੂੰ ਸਮਝਣ ਦੇ ਸਮਰੱਥ ਹੋਣਗੇ ।

**ਸੈਸ਼ਨ 2024-25 ਅਤੇ 2025-26**

**(BPBIC111) ਬੀ.ਏ.ਭਾਗ-ਪਹਿਲਾ (ਸਮੈਸਟਰ-ਪਹਿਲਾ)**

**ਪੰਜਾਬੀ ਲਾਜ਼ਮੀ**

| | |
|---|---|
| ਸਮਾਂ : 3 ਘੰਟੇ | ਕੁੱਲ ਅੰਕ : 100 |
| ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 35 | ਲਿਖਤੀ ਪ੍ਰੀਖਿਆ : 70 |
| ਅਧਿਆਪਨ ਦੇ ਪੀਰੀਅਡ ਪ੍ਰਤੀ ਹਫਤਾ : 06 | ਅੰਦਰੂਨੀ ਮੁਲਾਂਕਣ : 30 |

**ਪਾਠਕ੍ਰਮ ਤੇ ਪਾਠ ਪੁਸਤਕਾਂ**

**ਭਾਗ-ੳ**

**ਭਾਗ-ੳ-1:** ਕਹਾਣੀ ਕੀ ਹੁੰਦੀ ਹੈ?
ਨਿੱਕੀ ਕਹਾਣੀ, ਲੰਮੀ ਕਹਾਣੀ, ਮਿੰਨੀ ਕਹਾਣੀ ਦੀ ਬਣਤਰ, ਸਰੂਪ ਅਤੇ ਆਪਸੀ ਵੱਖਰੇਵਾਂ 12 ਅੰਕ

**ਭਾਗ ੳ-2:** ਕਥਾ ਪੰਜਾਬ, ਸੰਪਾ. ਡਾ. ਹਰਿਭਜਨ ਸਿੰਘ ਨੈਸਨਲ ਬੁੱਕ ਟ੍ਰਸਟ, ਇੰਡੀਆ (ਅਧਿਆਪਕ ਵਿਦਿਆਰਥੀਆਂ ਨੂੰ ਕਹਾਣੀ ਦੇ ਸਾਰ, ਤੱਤ ਸਾਰ, ਵਿਸ਼ੇ ਬਾਰੇ ਦੱਸੇਗਾ ਅਤੇ ਕਹਾਣੀ ਦੀ ਸਾਹਿਤਕ ਕਲਾ ਬਾਰੇ ਜਾਣੂ ਕਰਵਾਏਗਾ ਅਤੇ ਨਾਲ ਹੀ ਉਨ੍ਹਾਂ ਨੂੰ ਇਨ੍ਹਾਂ ਬਾਰੇ ਆਪਣੇ ਵਿਚਾਰ ਬਣਾਉਣ ਅਤੇ ਆਪਣੀ ਸਿਰਜਣਾਤਮਿਕਤਾ ਦੁਆਰਾ ਸਿਰਜਣ ਲਈ ਪ੍ਰੇਰਿਤ ਕਰੇਗਾ । 12 ਅੰਕ

**ਭਾਗ-ਅ**

**ਭਾਗ ਅ-1:** ਪੰਜਾਬੀ ਲਿਖਣ ਕਲਾ ਹੇਠ ਲਿਖੇ ਰੂਪਾਂ ਦਾ ਸਰੂਪ, ਆਪਸੀ ਨਿਖੇੜਾ ਅਤੇ ਵਿਹਾਰਕ ਅਭਿਆਸ
(1) ਅਖਬਾਰੀ ਲੇਖ (2) ਮਿਡਲ (3) ਖਬਰ 12 ਅੰਕ
(ਅੰਦਰੂਨੀ ਮੁਲਾਂਕਣ ਲਈ ਅਸਾਈਨਮੈਂਟ ਦੇ ਤੌਰ 'ਤੇ ਵਿਦਿਆਰਥੀ ਨੂੰ ਇਨ੍ਹਾਂ ਰੂਪਾਂ ਨਾਲ ਸੰਬੰਧਿਤ 20 ਪੰਨਿਆਂ ਦੀ ਸਕਰੈਪ ਬੁੱਕ ਤਿਆਰ ਕਰਨ ਲਈ ਕਿਹਾ ਜਾਵੇਗਾ ਜਿਸ ਵਿਚ ਉਹ ਹਰ ਰੂਪ ਨਾਲ ਸੰਬੰਧਿਤ ਘੱਟ ਤੋਂ ਘੱਟ 4 ਲਿਖਤਾਂ ਲਿਖੇਗਾ ਅਤੇ ਉਸ ਦੇ ਆਧਾਰ 'ਤੇ ਅਸਾਈਨਮੈਂਟ ਦੇ ਅੰਕ ਲਗਾਏ ਜਾਣਗੇ ।)

**ਭਾਗ ਅ-2: ਲੇਖ ਰਚਨਾ:** ਸਿੱਖਿਆ ਵਿਚ ਮਾਤ ਭਾਸ਼ਾ ਦੇ ਮਹੱਤਵ ਬਾਰੇ, ਤਕਨੀਕੀ ਵਿਕਾਸ ਅਤੇ ਵਾਤਾਵਰਣ, ਸਾਈਬਰ-ਕ੍ਰਾਂਤੀ ਅਤੇ ਮਨੁੱਖੀ ਅਧਿਕਾਰਾਂ ਦੇ ਮਸਲੇ, ਇੰਟਰਨੈੱਟ ਦੇ ਪਾਸਾਰ ਦੀਆਂ ਮੁਸ਼ਕਿਲਾਂ, ਤਕਨੀਕੀ ਵਿਕਾਸ ਅਤੇ ਸਮਾਜਿਕ ਆਰਥਿਕ ਪਿਛੜੇਵਾਂ ਦੇ ਸੰਬੰਧ ਬਾਰੇ, ਆਨਲਾਈਨ ਅਧਿਆਪਨ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ ਬਾਰੇ, ਸਿੱਖਿਆ ਦੇ ਆਨਲਾਈਨ ਮਾਧਿਅਮ ਦੀਆਂ ਸੰਭਾਵਨਾਵਾਂ ਤੇ ਸੀਮਾਵਾਂ ਬਾਰੇ, ਸਮਾਜਿਕ-ਮੀਡੀਆ ਦੀਆਂ ਸੰਭਾਵਨਾਵਾਂ ਤੇ ਸਮੱਸਿਆਵਾਂ ਬਾਰੇ, ਮਸ਼ੀਨੀ ਬੁੱਧੀਮਾਨਤਾ ਅਤੇ ਪੰਜਾਬੀ ਭਾਸ਼ਾ, ਪੰਜਾਬੀ ਕੰਪਿਊਟਰਕਾਰੀ 12 ਅੰਕ

## ਭਾਗ-ੲ

ਭਾਗ-ੲ:ਪਾਠਕ੍ਰਮ ਦੇ ਭਾਗ-ੳ ਅਤੇ ਭਾਗ-ਅ-1 ਦੇ (ਪੰਜਾਬੀ ਲਿਖਣ ਕਲਾ) ਵਾਲੇ ਭਾਗ ਵਿਚੋਂ 11 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ।

11X2=22 ਅੰਕ

## ਅੰਕ-ਵੰਡ ਅਤੇ ਪੇਪਰ ਸੈਟਰ ਲਈ ਹਦਾਇਤਾਂ

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ, ਹਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ ਅਤੇ ੲ ਹੋਣਗੇ ।
2. ਪੇਪਰ ਨੂੰ ਤਿੰਨ ਭਾਗਾਂ ੳ, ਅ ਅਤੇ ੲ ਵਿੱਚ ਵੰਡਿਆ ਜਾਵੇ ਅੱਗੋਂ 'ੳ' ਅਤੇ 'ਅ' ਭਾਗ ਦੇ ਦੋ-ਦੋ ਉਪ-ਭਾਗ ੳ-1, ੳ-2, ਅ-1, ਅ-2 ਬਣਾਏ ਜਾਣ ।
3. ਭਾਗ-ੳ ਦੇ ਪਹਿਲੇ ਉਪ-ਭਾਗ ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਇੱਕ ਪ੍ਰਸ਼ਨ ਦਾ ਉੱਤਰ ਦੇਵੇਗਾ । ਇਹ ਪ੍ਰਸ਼ਨ ਦਿੱਤੇ ਗਏ ਸਾਹਿਤ ਰੂਪਾਂ ਦੇ ਸਰੂਪ, ਤੱਤਾਂ ਬਾਰੇ ਜਾਂ ਇਨ੍ਹਾਂ ਵਿਚਕਾਰ ਸਮਾਨਤਾਵਾਂ ਜਾਂ ਅੰਤਰਾਂ ਬਾਰੇ ਹੋਣਗੇ । 12 ਅੰਕ
4. ਭਾਗ-ੳ ਦੇ ਦੂਜੇ ਉਪ ਭਾਗ ਵਿੱਚੋਂ ਤਿੰਨ ਕਹਾਣੀਆ ਦੇ ਕੇ ਕਿਸੇ ਇੱਕ ਕਹਾਣੀ ਦਾ ਵਿਸ਼ਾ-ਵਸਤੂ/ਸਾਰ/ ਪਾਠਕ ਦਾ ਹੁੰਗਾਰਾ, ਪਾਠਕੀ ਵਿਆਖਿਆ ਕਰਨ ਲਈ ਕਿਹਾ ਜਾਵੇਗਾ । 12 ਅੰਕ
5. ਭਾਗ-ਅ ਪਹਿਲੇ ਉਪ ਭਾਗ ਵਿਚ ਦਰਸਾਏ ਗਏ ਲੇਖਣੀ ਰੂਪਾਂ ਦੇ ਸਰੂਪ ਅਤੇ ਇਨ੍ਹਾਂ ਵਿਚਕਾਰ ਨਿਖੇੜੇ ਬਾਰੇ ਦੋ ਸਵਾਲ ਪੁੱਛੇ ਜਾਣਗੇ । ਇਨ੍ਹਾਂ ਵਿਚੋਂ ਵਿਦਿਆਰਥੀ ਨੂੰ ਕਿਸੇ ਇੱਕ ਸਵਾਲ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ । 12 ਅੰਕ
6. ਭਾਗ-ਅ ਦੇ ਦੂਜੇ ਉਪ ਭਾਗ ਵਿੱਚ ਦਰਸਾਏ ਵਿਸ਼ਿਆਂ ਵਿਚੋਂ ਕਿਸੇ ਇੱਕ ਵਿਸ਼ੇ ਤੇ ਨਿਬੰਧ ਲਿਖਣ ਲਈ ਕਿਹਾ ਜਾਵੇਗਾ । (ਤਿੰਨ ਵਿੱਚੋਂ ਇੱਕ) 12 ਅੰਕ
7. ਭਾਗ-ੲ ਵਿਚ ਭਾਗ ੳ ਅਤੇ ਭਾਗ ਅ-1 (ਪੰਜਾਬੀ ਲਿਖਣ ਕਲਾ) ਵਿੱਚੋਂ ਸੰਖੇਪ ਉੱਤਰਾ ਵਾਲੇ 6 (ਭਾਗ ੳ ਵਿਚੋਂ 3 ਅਤੇ ਭਾਗ ਅ-1 (ਪੰਜਾਬੀ ਲਿਖਣ ਕਲਾ) ਵਿੱਚੋਂ 2) ਪ੍ਰਸ਼ਨ ਪੁੱਛੇ ਜਾਣਗੇ । ਵਿਦਿਆਰਥੀ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ । ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ । 11X2=22 ਅੰਕ

## ਸਹਾਇਕ ਪਾਠ-ਸਮੱਗਰੀ


1. ਰਾਜਿੰਦਰਪਾਲ ਸਿੰਘ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਓਮ ਪ੍ਰਕਾਸ਼ ਵਸਿਸਟ, ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ, ਨੈਨਸੀ ਪਬਲਿਸ਼ਰਜ, ਚੰਡੀਗੜ੍ਹ
3. ਪਰਮਜੀਤ ਸਿੰਘ ਸਿੱਧੂ, ਕੋਸ਼ਕਾਰੀ-ਕਲਾ ਅਤੇ ਪੰਜਾਬੀ ਕੋਸ਼ਕਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ
4. ਅਮਰਜੀਤ ਸਿੰਘ ਵੜੈਚ, ਹੁਣ ਤੁਸੀਂ ਖ਼ਬਰਾਂ ਸੁਣੋ
5. ਸੀ.ਪੀ.ਕੰਬੋਜ਼, ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ
6. ਸੀ.ਪੀ.ਕੰਬੋਜ਼, ਮਸ਼ੀਨੀ ਬੁੱਧੀਮਾਨਤਾ ਅਤੇ ਪੰਜਾਬੀ ਭਾਸ਼ਾ

## ਬੀ.ਏ.ਭਾਗ-ਪਹਿਲਾ (ਸਮੈਸਟਰ-ਪਹਿਲਾ)

## ਪਰਚਾ-ਪੰਜਾਬੀ ਸਾਹਿਤ

### ਪਾਠਕ੍ਰਮ ਦਾ ਉਦੇਸ਼:

1. ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਕਵਿਤਾ ਅਤੇ ਵਿਚਾਰਧਾਰਾ ਬਾਰੇ ਜਾਣੂ ਕਰਵਾਉਣਾ।
2. ਨਾਵਲ ਦੀ ਵਿਧਾ ਰਾਹੀਂ ਵਿਦਿਆਰਥੀਆਂ ਅੰਦਰ ਸਾਹਿਤ ਚੇਟਕ ਪੈਦਾ ਕਰਕੇ ਰਚਨਾਤਮਕ ਰੁਚੀਆਂ ਵੱਲ ਪ੍ਰੇਰਿਤ ਕਰਨਾ।
3. ਵਿਦਿਆਰਥੀ ਸਾਹਿਤ ਦੇ ਵੱਖ-ਵੱਖ ਸਾਹਿਤ ਰੂਪਾਂ ਨੂੰ ਸਮਝਣ ਦੇ ਯੋਗ ਹੋ ਸਕਣਗੇ ।

### ਪਾਠਕ੍ਰਮ ਦੀ ਸਾਰਥਕਤਾ:

1. ਸਾਹਿਤ ਦੇ ਰੂਪਾਂ ਵਿਚੋਂ ਕਵਿਤਾ ਮਨੁੱਖ ਨੂੰ ਤਣਾਉ ਭਰੀ ਜਿੰਦਗੀ ਵਿਚ ਵੀ ਜਿਉਣ ਦਾ ਬਲ ਅਤੇ ਸਮਰੱਥਾ ਬਖ਼ਸ਼ਦੀ ਹੈ।
2. ਨਾਵਲ ਵਿਚਲੇ ਪਾਤਰਾਂ ਦੀ ਕਿਰਿਆ ਰਾਹੀਂ ਵਿਦਿਆਰਥੀ ਸਮੇਂ ਦੇ ਸੱਚ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਦੇ ਯੋਗ ਹੋਣਗੇ।
3. ਵਿਦਿਆਰਥੀ ਦਾ ਬੌਧਿਕ ਪੱਧਰ 'ਤੇ ਵਿਕਾਸ ਹੋਵੇਗਾ ਅਤੇ ਉਨ੍ਹਾਂ ਦੀ ਸ਼ਖਸੀਅਤ ਨਿੱਖਰੇਗੀ।
4. ਵਿਦਿਆਰਥੀ ਕਾਵਿ-ਤੱਤਾਂ ਦੀ ਜਾਣਕਾਰੀ ਹਾਸਿਲ ਕਰਕੇ ਸਾਹਿਤ ਦੀ ਰਚਨਾਤਮਕਤਾ ਵੱਲ ਪ੍ਰੇਰਿਤ ਹੋਣਗੇ।
5. ਵਿਦਿਆਰਥੀ ਸਾਹਿਤ ਦੇ ਵੱਖ-ਵੱਖ ਸਾਹਿਤ ਰੂਪਾਂ ਦੁਆਰਾ ਸਾਹਿਤਕ ਰਚਨਾ ਵਿੱਚ ਬੁਨਿਆਦੀ ਤੱਤਾਂ ਦੀ ਉਚਿੱਤ ਵਰਤੋਂ ਦੀ ਸਾਰਥਕਤਾ ਨੂੰ ਸਮਝਣ ਦੇ ਯੋਗ ਹੋ ਸਕਣਗੇ।

**ਸੈਸ਼ਨ 2024-25 ਅਤੇ 2025-26**

**(BPBI114) ਬੀ.ਏ.ਭਾਗ ਪਹਿਲਾ (ਸਮੈਸਟਰ-ਪਹਿਲਾ)**

**ਪੰਜਾਬੀ ਸਾਹਿਤ (ਚੋਣਵਾਂ)**

ਸਮਾਂ : 3 ਘੰਟੇ — ਕੁੱਲ ਅੰਕ : 100

ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 35 — ਲਿਖਤੀ ਪ੍ਰੀਖਿਆ : 70

ਅਧਿਆਪਨ ਦੇ ਪੀਰੀਅਡ ਪ੍ਰਤੀ ਹਫਤਾ : 06 — ਅੰਦਰੂਨੀ ਮੁਲਾਂਕਣ : 30

## ਪਾਠਕ੍ਰਮ ਤੇ ਪਾਠ ਪੁਸਤਕਾਂ

### ਭਾਗ-ੳ

(1) ਆਧੁਨਿਕ ਪੰਜਾਬੀ ਕਵਿਤਾ (1901-2000), ਸੰਪਾਦਕ ਡਾ. ਯੋਗਰਾਜ ਅਤੇ ਡਾ. ਜਸਵਿੰਦਰ ਸਿੰਘ ਸੈਣੀ,ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ। 8+4=12 ਅੰਕ

(2) ਹਨੇਰੇ ਰਾਹ: ਨਾਵਲ, ਹਰਪ੍ਰੀਤ ਸੇਖਾ, ਗ੍ਰੇਸ਼ੀਅਸ ਪਟਿਆਲਾ। 12 ਅੰਕ

### ਭਾਗ-ਅ

**ਆਧੁਨਿਕ ਸਾਹਿਤ ਦੇ ਰੂਪ:**

(1) ਨਜ਼ਮ, ਗੀਤ, ਗ਼ਜ਼ਲ, ਰੁਬਾਈ, ਖੁੱਲ੍ਹੀ ਕਵਿਤਾ, ਹਾਇਕੂ: ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤ 12 ਅੰਕ

(2) ਕਹਾਣੀ, ਨਾਵਲ, ਇਕਾਂਗੀ, ਨਾਵਲੈਟ, ਮਿੰਨੀ ਕਹਾਣੀ: ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤ 12 ਅੰਕ

### ਭਾਗ-ੲ

ਉਪਰੋਕਤ ਸਿਲੇਬਸ 'ਤੇ ਆਧਾਰਿਤ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ 11X2=22 ਅੰਕ

## ਅੰਕ-ਵੰਡ ਅਤੇ ਪੇਪਰ ਸੈਟਰ ਲਈ ਹਦਾਇਤਾਂ

1. ਸਿਲੇਬਸ ਦੇ ਸਾਰੇ ਭਾਗਾਂ ਵਿਚੋਂ ਪ੍ਰਸ਼ਨ ਪੁੱਛੇ ਜਾਣ।
2. ਪੇਪਰ ਨੂੰ ਤਿੰਨ ਭਾਗਾਂ ੳ, ਅ ਅਤੇ ੲ ਵਿੱਚ ਵੰਡਿਆ ਜਾਵੇਗਾ।
3. ਭਾਗ ੳ (1) ਕਵਿਤਾ ਦਾ ਵਿਸ਼ਾ ਵਸਤੂ/ਕਾਵਿ ਕਲਾ/ਕਵੀ ਬਾਰੇ ਜਾਣਕਾਰੀ ਅਤੇ ਉਸਦਾ ਯੋਗਦਾਨ (ਤਿੰਨ ਵਿੱਚੋਂ ਇੱਕ) 08ਅੰਕ
4. ਪ੍ਰਸੰਗ ਸਹਿਤ ਵਿਆਖਿਆ (ਤਿੰਨ ਵਿੱਚੋਂ ਇੱਕ) 04ਅੰਕ
5. ਭਾਗ ੳ (2) **ਹਨੇਰੇ ਰਾਹ** (ਨਾਵਲ) ਦਾ ਰਚਨਾ-ਵਸਤੂ/ਕਥਾਨਕ/ ਪਾਤਰ ਚਿਤਰਣ (ਤਿੰਨ ਵਿਚੋਂ ਇੱਕ) 12 ਅੰਕ
6. ਭਾਗ ਅ (1) ਵਿੱਚੋਂ ਕਿਸੇ ਕਾਵਿ ਰੂਪ ਦੀ ਪਰਿਭਾਸ਼ਾ, ਪ੍ਰਕਿਰਤੀ ਤੇ ਤੱਤ। (ਤਿੰਨ ਵਿੱਚੋਂ ਇੱਕ) 12 ਅੰਕ
7. ਭਾਗ ਅ (2) ਵਿੱਚੋਂ ਕਿਸੇ ਸਾਹਿਤ ਰੂਪ ਦੀ ਪਰਿਭਾਸ਼ਾ, ਪ੍ਰਕਿਰਤੀ ਤੇ ਤੱਤ। (ਤਿੰਨ ਵਿੱਚੋਂ ਇੱਕ) 12 ਅੰਕ
8. ਸਾਰੇ ਪਾਠਕ੍ਰਮ ਦੇ ਆਧਾਰ 'ਤੇ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। 11X2=22 ਅੰਕ

## ਸਹਾਇਕ ਪਾਠ-ਸਮੱਗਰੀ


1. ਰਤਨ ਸਿੰਘ ਜੱਗੀ, ਸਾਹਿਤ ਦੇ ਰੂਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ, ਸਾਹਿਤ ਦੇ ਰੂਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ
3. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ
4. ਰਾਜਿੰਦਰਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਪੁਨਰ ਚਿੰਤਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
5. ਗੁਰਪਾਲ ਸਿੰਘ ਸੰਧੂ, ਪੰਜਾਬੀ ਨਾਵਲ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ
6. ਖੋਜ ਪਤ੍ਰਿਕਾ (ਗਲਪ ਵਿਸ਼ੇਸ਼ ਅੰਕ) ਪੰਜਾਬੀ ਯੂਨੀਵਰਸਿਟੀ, ਪਟਿਆਲਾ
7. ਖੋਜ ਪਤ੍ਰਿਕਾ (ਆਧੁਨਿਕ ਕਾਵਿ ਵਿਸ਼ੇਸ਼ ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ
8. ਰਜਿੰਦਰਪਾਲ ਸਿੰਘ ਬਰਾੜ ਤੇ ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ: ਸਿਧਾਤ ਤੇ ਰੂਪਾਂਤਰਣ, ਪੰਜਾਬੀ ਯੂਨੀਵਰਸਿਟੀ ,ਪਟਿਆਲਾ, 2011
9. ਯੋਗਰਾਜ, ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦਾ ਸੁਹਜ ਸ਼ਾਸਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010
10. ਰਾਜਿੰਦਰਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2018
11. ਯੋਗਰਾਜ, ਨਵੀਂ ਪੰਜਾਬੀ ਕਵਿਤਾ: ਪ੍ਰਤਿਰੋਧ ਦੇ ਨਵ-ਸੰਦਰਭ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ, 2018

## ਸੈਸ਼ਨ 2024-25 ਅਤੇ 2025-26

## ਅੰਡਰ ਗ੍ਰੈਜੂਏਟ ਪੱਧਰ ਦਾ ਪਾਠਕ੍ਰਮ

## ਪ੍ਰੋਗਰਾਮ ਦੀ ਰੂਪ ਰੇਖਾ

**BASSD**

| ਬੀ.ਏ. - ਭਾਗ ਪਹਿਲਾ | | | | | | | | | |
|---|---|---|---|---|---|---|---|---|---|
| ਸਮੈਸਟਰ - II | | | | | | | | | |
| ਪੇਪਰ ਕੋਡ (Course Code) | ਪੇਪਰ ਦਾ ਸਿਰਲੇਖ (Course Title) | ਲੈਕਚਰ ਪ੍ਰਤੀ ਹਫਤਾ | ਕ੍ਰੈਡਿਟ ਭਾਸ਼ਣ (L) | ਕ੍ਰੈਡਿਟ ਟਿਊਟੋਰੀਅਲ (T) | ਕ੍ਰੈਡਿਟ ਪ੍ਰੈਕਟੀਕਲ (P) | ਕੁੱਲ ਕ੍ਰੈਡਿਟ | ਬਾਹਰੀ ਪ੍ਰੀਖਿਆ ਅੰਕ | ਅੰਦਰੂਨੀ ਮੁਲਾਂਕਣ ਅੰਕ | ਕੁੱਲ ਅੰਕ |
| BPBIC121 | ਪੰਜਾਬੀ ਲਾਜ਼ਮੀ | 6 | 4.5 | - | - | 4.5 | 70 | 30 | 100 |
| BPBI124 | ਪੰਜਾਬੀ ਸਾਹਿਤ (ਚੋਣਵਾਂ) | 6 | 4.5 | - | - | 4.5 | 70 | 30 | 100 |

## ਬੀ.ਏ.ਭਾਗ-ਪਹਿਲਾ (ਸਮੈਸਟਰ-ਦੂਜਾ)

## ਪਰਚਾ : ਪੰਜਾਬੀ ਲਾਜ਼ਮੀ

**ਪਾਠਕ੍ਰਮ ਦਾ ਉਦੇਸ਼:**

1. ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਦੇ ਵਾਰਤਕ ਰੂਪਾਂ ਦੇ ਵੱਖਰੇ-ਵੱਖਰੇ ਵਿਸ਼ਿਆਂ ਨੂੰ ਪੜ੍ਹਾਉਣ ਦਾ ਮਨੋਰਥ ਉਹਨਾਂ ਅੰਦਰ ਉਸਾਰੂ ਤੇ ਕਲਾਤਮਕ ਰੁਚੀਆਂ ਨੂੰ ਪੈਦਾ ਕਰਨਾ ਹੈ ।
2. ਵਿਦਿਆਰਥੀਆਂ ਨੂੰ ਵਾਰਤਕ ਦੇ ਰੂਪਾਂ ਅਤੇ ਸ਼ੈਲੀਆਂ ਦੀ ਪਛਾਣ ਕਰਵਾਉਣਾ ।
3. ਪੰਜਾਬੀ ਭਾਸ਼ਾ ਦਾ ਅਧਿਐਨ ਵਿਦਿਆਰਥੀਆਂ ਨੂੰ ਭਾਸ਼ਾ ਦੀ ਸ਼ੁੱਧਤਾ, ਉਚਾਰਣ ਪੱਧਰ ਅਤੇ ਲੇਖਣੀ ਵਿਚ ਨਿਪੁੰਨ ਬਣਾਉਣਾ ਹੈ।
4. ਕੋਸ਼ ਸਿਧਾਂਤ ਰਾਹੀਂ ਵਿਦਿਆਰਥੀਆਂ ਨੂੰ ਵੱਖ-ਵੱਖ ਕੋਸ਼ਾਂ ਦੇ ਸਰੂਪਾਂ ਬਾਰੇ ਉਨ੍ਹਾਂ ਵਿਚਲੀ ਵਿਉਂਤ ਬਾਰੇ, ਮਕਸਦ, ਵਰਤੋਂ, ਵਰਤੋਂ ਵਿਧੀ ਬਾਰੇ ਗਿਆਨ ਹੋਵੇਗਾ ।

**ਪਾਠਕ੍ਰਮ ਦੀ ਸਾਰਥਕਤਾ:**

1. ਵਿਦਿਆਰਥੀ ਸਾਹਿਤਕ ਸ਼ਬਦਾਂ, ਥੀਮਾ ਅਤੇ ਪੰਜਾਬੀ ਵਾਰਤਕ ਨਾਲ ਸੰਬੰਧਿਤ ਹੋਰਨਾਂ ਸਾਹਿਤ ਰੂਪਾਂ ਨੂੰ ਸਮਝਣ ਦੇ ਸਮਰੱਥ ਹੋਣਗੇ ।
2. ਵਿਦਿਆਰਥੀ ਪੰਜਾਬੀ ਗੱਦ ਸਾਹਿਤ ਨਾਲ ਸਬੰਧਿਤ ਵਿਸ਼ਿਆਂ ਨੂੰ ਪੜ੍ਹਣ ਲਿਖਣ ਦੇ ਹੁਨਰ ਨਾਲ ਉਨ੍ਹਾਂ ਦੇ ਗਿਆਨ ਵਿਚ ਵਾਧਾ ਕਰ ਸਕਣਗੇ ।
3. ਪੰਜਾਬੀ ਭਾਸ਼ਾ ਦੇ ਕੇਂਦਰੀ ਰੂਪ ਅਤੇ ਉਸ ਵਿਚ ਆ ਰਹੀਆਂ ਤਬਦੀਲੀਆਂ ਅਤੇ ਭਾਸ਼ਾ ਦੇ ਵੱਖਰੇ-ਵੱਖਰੇ ਰੂਪਾਂ ਬਾਰੇ ਜਾਣਕਾਰੀ ਹਾਸਲ ਕਰਨ ਦੇ ਯੋਗ ਹੋਣਗੇ ।
4. ਭਾਸ਼ਾ ਵੰਨਗੀਆਂ ਰਾਹੀਂ ਵਿਦਿਆਰਥੀ ਆਪਣੀਆਂ ਵਿਵਹਾਰਕ ਲੋੜਾਂ ਨੂੰ ਪੂਰਾ ਕਰਨ ਦੇ ਯੋਗ ਹੋਣਗੇ ।
5. ਪ੍ਰੈਸ ਰਿਪੋਰਟ ਅਤੇ ਸ਼ਬਦ ਸ਼੍ਰੇਣੀਆਂ ਦੁਆਰਾ ਵਿਦਿਆਰਥੀਆਂ ਦੀ ਲਿਖਣ ਸ਼ੈਲੀ ਵਿਚ ਨਿਖਾਰ ਹੋਵੇਗਾ ।

## ਸੈਸ਼ਨ 2024-25 ਅਤੇ 2025-26

## (BPBIC121) ਬੀ.ਏ.ਭਾਗ ਪਹਿਲਾ (ਸਮੈਸਟਰ-ਦੂਜਾ)

## ਪੰਜਾਬੀ ਲਾਜ਼ਮੀ

ਸਮਾਂ : 3 ਘੰਟੇ — ਕੁੱਲ ਅੰਕ : 100

ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 35 — ਲਿਖਤੀ ਪ੍ਰੀਖਿਆ : 70

ਅਧਿਆਪਨ ਦੇ ਪੀਰੀਅਡ ਪ੍ਰਤੀ ਹਫਤਾ : 06 — ਅੰਦਰੂਨੀ ਮੁਲਾਂਕਣ : 30

### ਪਾਠਕ੍ਰਮ ਤੇ ਪਾਠ ਪੁਸਤਕਾਂ

### ਭਾਗ-ੳ

**ਭਾਗ ੳ**-1: ਸਾਹਿਤਕ ਨਿਬੰਧ, ਰੇਖਾ ਚਿੱਤਰ, ਡਾਇਰੀ ਦਾ ਸਰੂਪ, ਸਿਧਾਂਤ ਤੇ ਆਪਸੀ ਨਿਖੇੜਾ
(ਅਧਿਆਪਕ ਇਨ੍ਹਾਂ ਵਾਰਤਕ ਰੂਪਾਂ ਦੀ ਜਾਣ-ਪਛਾਣ ਕਰਵਾਏਗਾ, ਇਨ੍ਹਾਂ ਦੇ ਤੱਤਾਂ, ਲੱਛਣਾਂ ਅਤੇ ਆਪਸੀ ਵਖਰੇਵਿਆਂ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਏਗਾ) 12 ਅੰਕ

**ਭਾਗ ੳ-2**: ਸੂਰਜ ਮੰਦਰ ਦੀਆਂ ਪੌੜੀਆ, ਸੁਰਜੀਤ ਪਾਤਰ
(ਅਧਿਆਪਕ ਵਿਦਿਆਰਥੀਆਂ ਨੂੰ ਨਿਬੰਧ ਵਿਚਲੇ ਭਾਵਾਂ-ਵਿਚਾਰਾਂ ਅਤੇ ਨਿਬੰਧ ਦੀ ਸਾਹਿਤਕ ਕਲਾ ਤੇ ਲੇਖਕ ਦੀ ਭਾਸ਼ਾਈ ਮੁਹਾਰਤ ਬਾਰੇ ਜਾਣੂ ਕਰਵਾਏਗਾ ਅਤੇ ਨਾਲ ਹੀ ਉਨ੍ਹਾਂ ਨੂੰ ਇਨ੍ਹਾਂ ਬਾਰੇ ਆਪਣੇ ਵਿਚਾਰ ਬਣਾਉਣ ਅਤੇ ਆਪਣਾ ਸਿਰਜਣਾਤਮਕ ਹੁੰਗਾਰਾ ਸਿਰਜਣ ਲਈ ਪ੍ਰੇਰਿਤ ਕਰੇਗਾ । 12 ਅੰਕ

**ਭਾਗ ਅ-1:** ਕੋਸ਼: ਸਿਧਾਂਤ, ਸਰੂਪ ਅਤੇ ਵਰਤੋਂ ਹੇਠ ਲਿਖੇ ਕੋਸ਼ਾਂ ਦੇ ਸਰੂਪ, ਇਨ੍ਹਾਂ ਵਿਚਲੇ ਨਿਖੇੜੇ ਅਤੇ ਇਨ੍ਹਾਂ ਦੀ ਵਰਤੋਂ ਬਾਰੇ ਸਿਖਲਾਈ ਦਿੱਤੀ ਜਾਵੇਗੀ । (ਅਧਿਆਪਕ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਕੋਸ਼ਾਂ ਦੇ ਸਰੂਪ, ਉਨ੍ਹਾਂ ਵਿਚਲੀ ਵਿਉਂਤ, ਵਿਸ਼ਾ ਪਾਸਾਰ, ਮਕਸਦ, ਵਰਤੋਂ, ਵਰਤੋਂ ਵਿਧੀ ਬਾਰੇ ਜਾਣਕਾਰੀ ਦੇਵੇਗਾ ।)
(1) ਵਿਸ਼ਵਕੋਸ਼ (2) ਦੋ ਭਾਸ਼ਾਈ ਸ਼ਬਦ ਕੋਸ਼ (3) ਵਿਸ਼ਾ ਕੋਸ਼ (4) ਸਮਭਾਸ਼ੀ ਕੋਸ਼ (5) ਤਕਨੀਕੀ ਸ਼ਬਦਾਵਲੀ ਕੋਸ਼ (6) ਆਨ-ਲਾਈਨ ਵਿਸ਼ਵਕੋਸ਼: ਵਿਕੀਪੀਡੀਆ ਅਤੇ ਪੰਜਾਬੀ ਪੀਡੀਆ(7) ਅੰਗਰੇਜ਼ੀ-ਪੰਜਾਬੀ ਕੋਸ਼ ਐਪ

4+4+4=12 ਅੰਕ

**ਭਾਗ ਅ-2**: ਅਖ਼ਬਾਰ ਲਈ ਪ੍ਰੈੱਸ ਰਿਪੋਰਟ (ਕਿਸੇ ਸਾਹਿਤਕ, ਸਭਿਆਚਾਰਕ, ਅਕਾਦਮਿਕ ਸਮਾਗਮ, ਕਾਨਫ਼ਰੰਸ ਜਾਂ ਸੈਮੀਨਾਰ ਦੀ ਪ੍ਰੈਸ ਰਿਪੋਰਟ ਲਿਖਣ ਦੀ ਸਿਖਲਾਈ) ਇਸ ਵਿਚ ਅਧਿਆਪਕ ਵੱਖ-ਵੱਖ ਤਰ੍ਹਾਂ ਦੇ ਆਯੋਜਨਾਂ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਏਗਾ ਅਤੇ ਇਨ੍ਹਾਂ ਸਮਾਗਮਾ ਵਿਚਲੇ ਅੰਤਰ ਨੂੰ ਸਪਸ਼ਟ ਕਰੇਗਾ ਤਾਂ ਕਿ ਵਿਦਿਆਰਥੀ ਉਨ੍ਹਾਂ ਦੀ ਕਲਪਨਾ ਕਰ ਸਕਣ । ਅਧਿਅਪਕ ਇਨ੍ਹਾਂ ਆਯੋਜਨਾਂ ਵਿਚ ਵਿਦਿਆਰਥੀਆਂ ਨੂੰ ਸ਼ਾਮਿਲ ਹੋਣ ਲਈ ਉਤਸ਼ਾਹਿਤ ਕਰੇਗਾ ਅਤੇ ਉਨ੍ਹਾਂ ਨੂੰ ਆਪਣੀ ਅਗਵਾਈ ਵਿਚ ਇਨ੍ਹਾਂ ਆਯੋਜਨਾਂ ਵਿਚ ਲੈ ਕੇ ਜਾਵੇਗਾ । ਅਧਿਆਪਕ ਮਸ਼ੀਨੀ ਸਿਆਣਪ ਅਧਾਰਿਤ ਸਾਫਟਵੇਅਰਾਂ (ਜਿਵੇਂ: ਚੈਟ-ਜੀਪੀਟੀ, ਜੈਮੀਨੀ ਆਇਰ ਸਾਫਟਵੇਅਰ ਪ੍ਰੈੱਸ ਰਿਪੋਰਟ ਤਿਆਰ ਕਰਨੀ ਤੇ ਉਸ ਦਾ ਮਸ਼ੀਨੀ ਅਨੁਵਾਦ ਕਰਨ ਬਾਰੇ ਉਤਸ਼ਾਹਿਤ ਕਰਨਗੇ ।) 12 ਅੰਕ

(ਅੰਦਰੂਨੀ ਮੁਲਾਂਕਣ ਲਈ ਅਸਾਈਨਮੈਂਟ ਦਾ ਕਾਰਜ ਪਾਠਕ੍ਰਮ ਦੇ ਭਾਗ ਅ-1 ਦੇ ਨਾਲ ਸੰਬੰਧਿਤ ਕਰਵਾਇਆ ਜਾਵੇਗਾ । ਵਿਦਿਆਰਥੀ ਇੱਕ ਸਕਰੈਪ ਬੁੱਕ ਤਿਆਰ ਕਰੇਗਾ ਜਿਸ ਵਿਚ ਉਹ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ, ਲੋਕਧਾਰਾ ਤੋਂ ਇਲਾਵਾ ਆਪਣੇ ਹੋਰ ਅਧਿਐਨ ਵਿਸ਼ਿਆਂ ਨਾਲ ਸੰਬੰਧਿਤ ਉਪਲਬਧ ਕੋਸ਼ੀ ਇੰਦਰਾਜ ਚਿਪਕਾਏਗਾ ਅਤੇ ਜਿੱਥੋਂ ਤਕ ਸੰਭਵ ਹੋਵੇ ਖ਼ੁਦ ਇੰਦਰਾਜ਼ ਤਿਆਰ ਕਰੇਗਾ। ਅਧਿਆਪਕ ਵਿਦਿਆਰਥੀਆਂ ਨੂੰ ਖ਼ੁਦ ਇੰਦਰਾਜ਼ ਤਿਆਰ ਕਰਨ ਲਈ ਉਤਸਾਹਿਤ ਕਰਨਗੇ ਉਪਰੋਕਤ ਵੱਖ- ਵੱਖ ਤਰ੍ਹਾਂ ਦੇ ਕੋਸ਼ਾਂ ਵਿਚੋਂ ਹਰ ਇੱਕ ਦੇ ਘੱਟ ਤੋਂ ਘੱਟ 4 ਇੰਦਰਾਜ਼ ਸਕਰੈਪ ਬੁੱਕ ਵਿਚ ਚਿਪਕਾਏ/ਲਿਖੇ ਜਾਣਗੇ)

**ਭਾਗ-ੲ**

ਉਪਰੋਕਤ ਪਾਠਕ੍ਰਮ ਤੇ ਅਧਾਰਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ 11X2=22 ਅੰਕ

## ਅੰਕ ਵੰਡ ਅਤੇ ਪੇਪਰ ਸੈਟਰ ਲਈ ਹਦਾਇਤਾਂ

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ ਅਤੇ ੲ ਹੋਣਗੇ।
2. ਪੇਪਰ ਨੂੰ ਤਿੰਨ ਭਾਗਾਂ ੳ, ਅ ਅਤੇ ੲ ਵਿੱਚ ਵੰਡਿਆ ਜਾਵੇ।
3. ਭਾਗ ੳ-1 ਵਿਚੋਂ ਵਾਰਤਕ ਰੂਪਾਂ ਦੇ ਸਰੂਪ ਅਤੇ ਉਨ੍ਹਾਂ ਦੇ ਆਪਸੀ ਨਿਖੇੜੇ ਬਾਰੇ ਦੋ ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੇ ਦੋਵਾਂ ਵਿਚੋਂ ਇੱਕ ਪ੍ਰਸ਼ਨ ਦਾ ਵਿਸਤ੍ਰਿਤ ਉੱਤਰ ਦੇਣਾ ਹੋਵੇਗਾ। 12 ਅੰਕ
4. ਭਾਗ ੳ-2 ਵਿਚ ਲਗਾਈ ਗਈ ਪਾਠ ਪੁਸਤਕ ਵਿਚੋਂ ਕਿਸੇ ਇਕ ਨਿਬੰਧ ਦਾ ਵਿਸ਼ਾ/ਸਾਰ/ ਨਿਬੰਧ ਵਿਚਲੇ ਵਿਚਾਰਾਂ ਬਾਰੇ ਪਾਠਕ ਦਾ ਹੁੰਗਾਰਾ (ਤਿੰਨ ਵਿੱਚੋਂ ਇੱਕ) 12 ਅੰਕ
5. ਭਾਗ ਅ-1 ਵਿੱਚੋਂ ਪੰਜ ਪ੍ਰਸ਼ਨ ਪੁੱਛੇ ਜਾਣਗੇ ਅਤੇ ਵਿਦਿਆਰਥੀ ਨੇ ਪੰਜਾਂ ਵਿੱਚੋਂ ਤਿੰਨ ਪ੍ਰਸ਼ਨ ਕਰਨੇ ਹੋਣਗੇ। ਇਹ ਪ੍ਰਸ਼ਨ ਵੱਖ-ਵੱਖ ਤਰ੍ਹਾਂ ਦੇ ਕੋਸ਼ਾਂ ਦੇ ਸਰੂਪ, ਉਨ੍ਹਾਂ ਵਿਚਲੀ ਵਿਉਂਤ, ਵਿਸ਼ਾ ਪਾਸਾਰ, ਮਕਸਦ, ਵਰਤੋਂ, ਵਰਤੋਂ ਵਿਧੀ ਬਾਰੇ ਹੋਣਗੇ। 12 ਅੰਕ
6. ਅ-2 ਵਿੱਚ ਦਰਸਾਏ ਵਿਸ਼ਿਆ ਵਿਚੋਂ ਕਿਸੇ ਵਿਸ਼ੇ 'ਤੇ ਕੋਈ ਕਾਲਪਨਿਕ ਆਯੋਜਨ ਦਾ ਵੇਰਵਾ ਦੇ ਕੇ ਪ੍ਰੈੱਸ ਰਿਪੋਰਟ ਲਿਖਣ ਲਈ ਕਿਹਾ ਜਾਵੇਗਾ। (ਤਿੰਨ ਵਿੱਚੋਂ ਇੱਕ) 12 ਅੰਕ
7. ਭਾਗ- ੲ ਵਿਚ ਪਾਠਕ੍ਰਮ ਦੇ ਭਾਗ ੳ ਦੇ ਦੋਵੇਂ ਭਾਗਾਂ ਅਤੇ ਭਾਗ ਅ-1 (ਕੋਸ਼ ਸਿਧਾਂਤ ਸਰੂਪ ਤੇ ਵਰਤੋਂ) ਵਾਲੇ ਭਾਗ ਵਿੱਚੋਂ ਸੰਖੇਪ ਉੱਤਰਾਂ ਵਾਲੇ 06 (ਭਾਗ ੳ ਵਿੱਚੋਂ 03 ਅਤੇ ਭਾਗ ਅ-1 ਵਿੱਚੋਂ 2) ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। 11X2=22 ਅੰਕ

## ਸਹਾਇਕ ਪਾਠ-ਸਮੱਗਰੀ


1. (ਸੰਪਾ.)ਸੁਤਿੰਦਰ ਸਿੰਘ ਨੂਰ, ਵਨੀਤਾ, ਸੁਰਜੀਤ ਪਾਤਰ ਦੀ ਕਵਿਤਾ ਦਾ ਸੰਵਾਦ, ਪੰਜਾਬੀ ਅਕਾਦਮੀ ਦਿੱਲੀ
2. ਹਰਨੇਕ ਸਿੰਘ ਹੇਅਰ (ਡਾ.), ਸੁਰਜੀਤ ਪਾਤਰ ਦਾ ਕਾਵਿ ਪ੍ਰਵਚਨ, ਪੰਜ ਆਬ ਪ੍ਰਕਾਸ਼ਨ, ਜਲੰਧਰ
3. ਰਾਜਿੰਦਰਪਾਲ ਸਿੰਘ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
4. ਅਬਨਾਸ਼ ਕੌਰ, ਪੰਜਾਬੀ ਰੇਖਾ ਚਿੱਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ
5. ਸਤਿੰਦਰ ਸਿੰਘ, ਵਿਹਾਰਕ ਸਮੀਖਿਆ: ਕਵਿਤਾ ਤੇ ਵਾਰਤਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ
6. ਪਰਮਿੰਦਰ ਸਿੰਘ, ਸਾਹਿਤ ਦੇ ਰੂਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ

## ਬੀ.ਏ.ਭਾਗ ਪਹਿਲਾ (ਸਮੈਸਟਰ – ਦੂਜਾ)
## ਪਰਚਾ : ਪੰਜਾਬੀ ਸਾਹਿਤ

### ਪਾਠਕ੍ਰਮ ਦਾ ਉਦੇਸ਼:

1. ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਅਤੇ ਵਿਚਾਰਧਾਰਾ ਬਾਰੇ ਜਾਣੂ ਕਰਵਾਉਣਾ।
2. ਇਕਾਂਗੀ ਯਾਤਰਾ ਦੀ ਵਿਧਾ ਰਾਹੀਂ ਵਿਦਿਆਰਥੀਆਂ ਅੰਦਰ ਸਾਹਿਤ ਚੇਟਕ ਪੈਦਾ ਕਰਕੇ ਰਚਨਾਤਮਕ ਰੁਚੀਆਂ ਵੱਲ ਪ੍ਰੇਰਿਤ ਕਰਨਾ।
3. ਵਿਦਿਆਰਥੀ ਸਾਹਿਤ ਦੇ ਵੱਖ-ਵੱਖ ਸਾਹਿਤ ਰੂਪਾਂ ਨੂੰ ਸਮਝਣ ਦੇ ਯੋਗ ਹੋ ਸਕਣਗੇ।

### ਪਾਠਕ੍ਰਮ ਦੀ ਸਾਰਥਕਤਾ:

1. ਸਾਹਿਤ ਦੇ ਰੂਪਾਂ ਵਿਚੋਂ ਇਕਾਂਗੀ ਮਨੁੱਖ ਨੂੰ ਤਣਾਉ ਭਰੀ ਜ਼ਿੰਦਗੀ ਵਿਚ ਵੀ ਜਿਊਣ ਦਾ ਬਲ ਅਤੇ ਸਮਰੱਥਾ ਬਖ਼ਸ਼ਦੀ ਹੈ।
2. ਇਕਾਂਗੀ ਵਿਚਲੇ ਪਾਤਰਾਂ ਦੀ ਕਿਰਿਆ ਰਾਹੀਂ ਵਿਦਿਆਰਥੀ ਸਮੇਂ ਦੇ ਸੱਚ ਅਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਦੇ ਯੋਗ ਹੋਣਗੇ।
3. ਵਿਦਿਆਰਥੀ ਦਾ ਬੌਧਿਕ ਪੱਧਰ 'ਤੇ ਵਿਕਾਸ ਹੋਵੇਗਾ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਨਿੱਖਰੇਗੀ।
4. ਵਿਦਿਆਰਥੀ ਕਾਵਿ ਤੱਤਾਂ ਦੀ ਜਾਣਕਾਰੀ ਹਾਸਿਲ ਕਰਕੇ ਸਾਹਿਤ ਦੀ ਰਚਨਾਤਮਿਕਤਾ ਵੱਲ ਪ੍ਰੇਰਿਤ ਹੋਣਗੇ।
5. ਵਿਦਿਆਰਥੀ ਸਾਹਿਤ ਦੇ ਵੱਖ-ਵੱਖ ਸਾਹਿਤ ਰੂਪਾਂ ਦੁਆਰਾ ਸਾਹਿਤਕ ਰਚਨਾ ਵਿੱਚ ਬੁਨਿਆਦੀ ਤੱਤਾਂ ਦੀ ਉਚਿੱਤ ਵਰਤੋਂ ਦੀ ਸਾਰਥਕਤਾ ਨੂੰ ਸਮਝਣ ਦੇ ਯੋਗ ਹੋ ਸਕਣਗੇ।

**ਸੈਸ਼ਨ 2024-25 ਅਤੇ 2025-26**

**(BPBI124)ਬੀ.ਏ.ਭਾਗ ਪਹਿਲਾ (ਸਮੈਸਟਰ-ਦੂਜਾ)**

**ਪੰਜਾਬੀ ਸਾਹਿਤ (ਚੋਣਵਾਂ)**

ਸਮਾਂ : 3 ਘੰਟੇ — ਕੁੱਲ ਅੰਕ : 100

ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 35 — ਲਿਖਤੀ ਪ੍ਰੀਖਿਆ : 70

ਅਧਿਆਪਨ ਦੇ ਪੀਰੀਅਡ ਪ੍ਰਤੀ ਹਫਤਾ : 06 — ਅੰਦਰੂਨੀ ਮੁਲਾਂਕਣ : 30

**ਪਾਠਕ੍ਰਮ ਤੇ ਪਾਠ ਪੁਸਤਕਾਂ**

**ਭਾਗ-ੳ**

**ਭਾਗ ੳ**-1. ਪੰਜਾਬੀ ਸਾਹਿਤ ਦਾ ਇਤਿਹਾਸ (ਆਧੁਨਿਕ ਕਾਲ 1901-1995), ਡਾ. ਜਸਵਿੰਦਰ ਸਿੰਘ ਤੇ ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
(ਸਾਹਿਤਕ ਧਾਰਾਵਾਂ, ਪ੍ਰਵਿਰਤੀਆਂ ਅਤੇ ਸਾਹਿਤ ਰੂਪਾਂ ਦਾ ਵਿਕਾਸ) 12 ਅੰਕ

**ਭਾਗ ੳ**-2. ਇਕਾਂਗੀ ਯਾਤਰਾ (ਇਕਾਂਗੀ-ਸੰਗ੍ਰਹਿ), ਸੰਪਾ. ਡਾ. ਰਘਬੀਰ ਸਿੰਘ ਤੇ ਡਾ. ਸਤੀਸ਼ ਕੁਮਾਰ ਵਰਮਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ। 12 ਅੰਕ

**ਭਾਗ-ਅ**

**ਭਾਗ ਅ**-1. ਪੰਜਾਬੀ ਛੰਦ: ਕਬਿਤ, ਕੋਰੜਾ, ਦੋਹਿਰਾ, ਬੈਂਤ, ਡਿਓਢ, ਸਿਰਖੰਡੀ, ਅੜਿੱਲ 12 ਅੰਕ

**ਭਾਗ ਅ**-2. ਭਾਰਤੀ ਕਾਵਿ ਸ਼ਾਸਤਰ ਨਾਲ ਸੰਬੰਧਤ ਮੂਲ ਸੰਕਲਪ: ਧੁਨੀ (ਅਭਿਧਾ, ਲਕਸ਼ਣਾ, ਵਿਅੰਜਨਾ), ਰਸ (ਸਥਾਈ ਭਾਵ, ਸੰਚਾਰੀ ਭਾਵ, ਸਾਧਾਰਨੀਕਰਣ) ਅਲੰਕਾਰ (ਅਰਥ ਅਲੰਕਾਰ: ਉਪਮਾ, ਰੂਪਕ, ਦ੍ਰਿਸਟਾਂਤ, ਅਤਿਕਥਨੀ, ਪ੍ਰੋਢੋਕਤੀ, ਸ਼ਬਦ ਅਲੰਕਾਰ: ਅਨੁਪ੍ਰਾਸ, ਯਮਕ, ਸਲੇਸ਼) 12 ਅੰਕ

**ਭਾਗ-ੲ**

ਉਪਰੋਕਤ ਪਾਠਕ੍ਰਮ ਤੇ ਅਧਾਰਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ 22 ਅੰਕ

**ਅੰਕ ਵੰਡ ਅਤੇ ਪੇਪਰ ਸੈਟਰ ਲਈ ਹਦਾਇਤਾਂ**

1. ਸਿਲੇਬਸ ਦੇ ਸਾਰੇ ਭਾਗਾਂ ਵਿੱਚੋਂ ਪ੍ਰਸ਼ਨ ਪੁੱਛੇ ਜਾਣਗੇ।
2. ਪੇਪਰ ਨੂੰ ਤਿੰਨ ਭਾਗਾਂ ੳ, ਅ ਅਤੇ ੲ ਵਿੱਚ ਵੰਡਿਆ ਜਾਵੇਗਾ।
3. ਭਾਗ ੳ (1) ਪੰਜਾਬੀ ਸਾਹਿਤ ਦਾ ਇਤਿਹਾਸ ਵਿੱਚੋਂ ਸਾਹਿਤਕ ਧਾਰਾ/ਪ੍ਰਵਿਰਤੀ/ਸਾਹਿਤ ਰੂਪ ਦੇ ਵਿਕਾਸ ਸਬੰਧੀ ਪ੍ਰਸ਼ਨ (ਨੋਟ: ਕਿਸੇ ਇਕੱਲੇ ਸਾਹਿਤਕਾਰ ਸਬੰਧੀ ਪ੍ਰਸ਼ਨ ਨਾ ਪੁੱਛਿਆ ਜਾਵੇ)। (ਤਿੰਨ ਵਿੱਚੋਂ ਇੱਕ) 12 ਅੰਕ
4. ਭਾਗ ੳ (2) ਇਕਾਂਗੀ ਯਾਤਰਾ ਵਿੱਚੋਂ ਕਿਸੇ ਇਕਾਂਗੀ ਦਾ ਵਿਸ਼ਾ ਵਸਤੂ/ਇਕਾਂਗੀ ਕਲਾ/ਪਾਤਰ ਚਿਤਰਣ, ਲੇਖਕ ਬਾਰੇ ਜਾਣਕਾਰੀ ਤੇ ਉਸਦਾ ਯੋਗਦਾਨ। (ਤਿੰਨ ਵਿੱਚੋਂ ਇੱਕ) 12 ਅੰਕ
5. ਭਾਗ ਅ (1) ਪੰਜਾਬੀ ਛੰਦ (ਚਾਰ ਵਿਚੋਂ ਦੋ) 2X6=12 ਅੰਕ
6. ਭਾਗ ਅ (2) ਭਾਰਤੀ ਕਾਵਿ ਸ਼ਾਸਤਰ ਨਾਲ ਸਬੰਧਤ ਮੂਲ ਸੰਕਲਪ (ਪੰਜ ਵਿੱਚੋਂ ਤਿੰਨ) 3X4=12 ਅੰਕ
7. ਸਾਰੇ ਸਿਲੇਬਸ ਦੇ ਆਧਾਰ 'ਤੇ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। 11X2=22ਅੰਕ

## ਸਹਾਇਕ ਪਾਠ-ਸਮੱਗਰੀ


1. ਜਸਵਿੰਦਰ ਸਿੰਘ ਤੇ ਮਾਨ ਸਿੰਘ ਢੀਂਡਸਾ ਪੰਜਾਬੀ ਸਾਹਿਤ ਦਾ ਇਤਿਹਾਸ (ਆਧੁਨਿਕ ਕਾਲ 1901-1995),ਪੰਜਾਬੀ ਯੂਨੀਵਰਸਿਟੀ ਪਟਿਆਲਾ
2. ਮਾਨ ਸਿੰਘ ਢੀਂਡਸਾ, ਸਾਹਿਤ ਕੋਸ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
3. ਖੋਜ ਪਤ੍ਰਿਕਾ (ਨਾਟਕ ਵਿਸ਼ੇਸ਼ ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ
4. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ: ਸਿਧਾਂਤ ਇਤਿਹਾਸ ਤੇ ਪ੍ਰਵਿਰਤੀਆਂ,ਪੰਜਾਬੀ ਯੂਨੀਵਰਸਿਟੀ, ਪਟਿਆਲਾ
5. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ
6. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ, ਗੋਬਿੰਦ ਸਿੰਘ ਲਾਂਬਾ, ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ, ਪੈਪਸੂ ਬੁੱਕ ਡੀਪੂ, ਪਟਿਆਲਾ
7. ਜੋਗਿੰਦਰ ਸਿੰਘ, ਪਿੰਗਲ ਤੇ ਅਰੂਜ਼, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ